ਨੰ: 12/10/10-5ਸਿ5/ 1165

ਪੰਜਾਬ ਸਰਕਾਰ

ਸਿਹਤ ਤੇ ਪਰਿਵਾਰ ਭਲਾਈ ਵਿਭਾਗ

(ਸਿਹਤ-5 ਸ਼ਾਖਾ)

ਮਿਤੀ, ਚੰਡੀਗੜ੍ਹ 14 ਜੂਨ, 2010

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ, ਡਵੀਜ਼ਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼, ਜ਼ਿਲ੍ਹਾ ਅਤੇ ਸੈਸ਼ਨ ਜੱਜ,
ਰਾਜ ਦੇ ਸਮੂਹ ਸਿਵਲ ਸਰਜਨ,
ਪ੍ਰਿੰਸੀਪਲ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ, ਫਰੀਦਕੋਟ ਅਤੇ ਪਟਿਆਲਾ।

ਵਿਸ਼ਾ:- ਕਰਮਚਾਰੀਆਂ/ਪੈਨਸ਼ਨਰਾਂ ਨੂੰ ਮੈਡੀਕਲ ਖਰਚੇ ਦੀ ਪੂਰੀ-ਪੂਰਤੀ ਕਰਨ ਦੀ ਵਿਧੀ ਵਿੱਚ ਹੋਰ ਸਹੂਲਤਾਂ ਦੇਣ ਸਬੰਧੀ।

****

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਵੱਲ ਆਪ ਜੀ ਦਾ ਧਿਆਨ ਦਿਵਾਉਣ ਅਤੇ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਵੱਖ-ਵੱਖ ਜੱਥੇਬੰਦੀਆਂ ਦੀ ਮੰਗ ਦੇ ਸਨਮੁੱਖ ਲੋਕ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਵੱਲੋਂ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ ਹਨ:-

(1) <u>ਕਰੋਨਿਕ ਬਿਮਾਰੀਆਂ ਦੀ ਸੂਚੀ ਵਿੱਚ ਵਾਧਾ ਕਰਨ ਬਾਰੇ</u>

ਸਰਕਾਰ ਦੇ ਪੱਤਰ ਨੰ: 12/77/2000-5ਸਿ5/21950, ਮਿਤੀ 10-9-2007 ਵਿੱਚ ਦਰਜ 27 ਕਰੋਨਿਕ ਬਿਮਾਰੀਆਂ ਦੇ ਨਾਲ-ਨਾਲ 5 ਹੋਰ ਕਰੋਨਿਕ ਬਿਮਾਰੀਆਂ ਸ਼ਾਮਿਲ ਕਰਨ ਦਾ ਫੈਸਲਾ ਕੀਤਾ ਗਿਆ ਹੈ, ਜਿਸ ਕਾਰਣ ਮੁਕੰਮਲ ਕਰਾਨਿਕ ਬਿਮਾਰੀਆਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੋਵੇਗੀ:-

1. Chronic Renal Failure.
2. Cancer/Malignancies of different organs.
3. Heart failure cardiomyopathy (Myocardial Infarction) and Angina pectoris.
4. Thalisemias.
5. Degenerative Disorders of Nercous System and other organs.
6. Organs Transplants.
7. Congenital Disorders.
8. Cirrhosis.
9. Coelics Disease.
10. Immunological disorders leading to disability including AIDS.
11. Chronic respiratory failure.
12. Chronic pelvic infection.
13. Spinal injuries

14. Insulin dependent Diabetes Mellitus.
15. Haemophilia
16. Intractable/Resistant Epilepsy.
17. Chronic Glaucoma.
18. Ulcerative Collitis.
19. Brain Stroke.
20. Obstructutive Sleep Apnea Syndrome.
21. Hypertension.
22. Hypothyroidism.
23. Secondary Adrenal Insufficiency.
24. Diabetes Mellitus Type-2
25. Hepatitis-B
26. Hepatitis-C
27. Hyperthyroidism
28. Rheumatiod Arthritis.
29. Schzophrenia.
30. Epilepsy.
31. Mental Retardation.
32. Respiratory disease leading to Chronic Respiratory failure
    (a) Bronchial Asthma
    (b) Bronchiectasis
    (c) Chronic obstructive pulmonary Disease
    (d) Interstitial Lung Disease etc.

(2) **ਮੈਡੀਕਲ ਕਾਲਜ/ਹਸਪਤਾਲ, ਸੈਕਟਰ-32, ਚੰਡੀਗੜ੍ਹ ਨੂੰ ਕਰਾਨਿਕ ਬਿਮਾਰੀ ਦੇ ਸਰਟੀਫਿਕੇਟ ਜਾਰੀ ਕਰਨ ਦੇ ਅਧਿਕਾਰ ਦੇਣ ਬਾਰੇ:**

ਪੰਜਾਬ ਸਰਕਾਰ ਦੀ ਪਾਲਿਸੀ ਹਦਾਇਤਾਂ ਨੰ: 12/69/08-5ਸਿ5/21329, ਮਿਤੀ 1-9-2000 ਅਨੁਸਾਰ ਪੰਜਾਬ ਸਰਕਾਰ ਦੇ ਮੈਡੀਕਲ ਕਾਲਜ, ਅੰਮ੍ਰਿਤਸਰ, ਫਰੀਦਕੋਟ, ਪਟਿਆਲਾ, ਪੀ.ਜੀ.ਆਈ. ਚੰਡੀਗੜ੍ਹ ਅਤੇ ਏਮਜ਼, ਨਵੀਂ ਦਿੱਲੀ ਵੱਲੋਂ ਕੰਪਲੀਕੇਟਿਡ ਕਰਾਨਿਕ ਬਿਮਾਰੀ ਦੇ ਜਾਰੀ ਕੀਤੇ ਸਰਟੀਫਿਕੇਟ ਮੈਡੀਕਲ ਬਿਲਾਂ ਦੀ ਪ੍ਰਤੀ-ਪੂਰਤੀ ਲਈ ਪ੍ਰਵਾਨਤ ਹਨ। ਹੁਣ ਇਨ੍ਹਾਂ ਤੋਂ ਇਲਾਵਾ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ, ਸੈਕਟਰ-32, ਚੰਡੀਗੜ੍ਹ ਨੂੰ ਵੀ ਕਰਾਨਿਕ ਬਿਮਾਰੀ ਸਬੰਧੀ ਸਰਟੀਫਿਕੇਟ ਜਾਰੀ ਕਰਨ ਵਾਸਤੇ ਸਰਕਾਰ ਨੇ ਮਾਨਤਾ ਦੇਣ ਦਾ ਫੈਸਲਾ ਲਿਆ ਹੈ ਅਤੇ ਭਵਿੱਖ ਵਿੱਚ ਇਹ ਮੈਡੀਕਲ ਸਰਟੀਫਿਕੇਟ ਵੀ ਮੈਡੀਕਲ ਖਰਚੇ ਦੀ ਪ੍ਰਤੀ-ਪੂਰਤੀ ਲਈ ਪ੍ਰਵਾਨਿਤ ਹੋਣਗੇ।

(3) **ਕਰਾਨਿਕ ਬਿਮਾਰੀ ਦੇ ਸਰਟੀਫਿਕੇਟ ਦੀ ਮਿਆਦ 3 ਸਾਲ ਤੋਂ ਵਧਾ ਕੇ 5 ਸਾਲ ਕਰਨ ਬਾਰੇ**

ਪੰਜਾਬ ਸਰਕਾਰ ਦੀ ਪਾਲਿਸੀ ਹਦਾਇਤਾਂ 12/77/2000-5ਸਿ5/13137, ਮਿਤੀ 21 ਜੁਲਾਈ, 2004 ਅਨੁਸਾਰ ਕਰਾਨਿਕ ਬਿਮਾਰੀ ਦੇ ਸਰਟੀਫਿਕੇਟ ਦੀ ਮਿਆਦ, ਜੋ ਕਿ ਹੁਣ ਤੱਕ 3 ਸਾਲ ਸੀ, ਨੂੰ 3 ਸਾਲ ਤੋਂ ਵਧਾ ਕੇ 5 ਸਾਲ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਤਰ੍ਹਾਂ ਜਿਹੜੇ

ਕਰਮਚਾਰੀਆਂ ਦੇ ਸਰਟੀਫਿਕੇਟ ਪਹਿਲਾਂ ਹੀ ਬਣੇ ਹੋਏ ਹਨ, ਉਹ ਮੈਡੀਕਲ ਸਰਟੀਫਿਕੇਟ ਜਾਰੀ ਹੋਣ ਦੀ ਮਿਤੀ ਤੋਂ 5 ਸਾਲ ਦੇ ਸਮੇਂ ਤੱਕ ਵੈਲਿਡ ਸਮਝੇ ਜਾਣਗੇ।

2. ਇਹ ਹਦਾਇਤਾਂ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਹੋਣਗੀਆਂ।

3. ਇਹ ਹਦਾਇਤਾਂ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਮਿਤੀ 6-5-2010 ਵਿੱਚ ਲਏ ਫੈਸਲੇ ਦੇ ਸਨਮੁੱਖ ਕੀਤੀਆਂ ਜਾਂਦੀਆਂ ਹਨ।

ਵਿਸ਼ਵਾਸ਼ਪਾਤਰ,

(ਐਮ ਐਸ ਮਾਨ)
ਉਪ ਸਕੱਤਰ ਸਿਹਤ

ਉਤਾਰਾ ਸਕੱਤਰ/ਮੁੱਖ ਸਕੱਤਰ, ਪੰਜਾਬ ਸਰਕਾਰ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

(ਐਮ ਐਸ ਮਾਨ)
ਉਪ ਸਕੱਤਰ ਸਿਹਤ

ਸੇਵਾ ਵਿਖੇ

ਸਕੱਤਰ/ਮੁੱਖ ਸਕੱਤਰ, ਪੰਜਾਬ ਸਰਕਾਰ,
ਚੰਡੀਗੜ੍ਹ।

ਅੰ:ਵਿ:ਪ:ਨੰ: 12/10/2010-5ਸਿ5/1166 ਮਿਤੀ, ਚੰਡੀਗੜ੍ਹ: 14-6-2010

ਉਤਾਰਾ ਸਮੂਹ ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਐਮ ਐਸ ਮਾਨ)
ਉਪ ਸਕੱਤਰ ਸਿਹਤ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪ:ਨੰ: 12/10/2010-5ਸਿ5/ 1167 ਮਿਤੀ, ਚੰਡੀਗੜ੍ਹ: 14-6-2010
ਪਿੱ:ਅੰ:ਨੰ: 12/10/2010-5ਸਿ5/ 1168 ਮਿਤੀ, ਚੰਡੀਗੜ੍ਹ: 14-6-2010

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਗ੍ਰਹਿ ਸਕੱਤਰ, ਕੇਂਦਰੀ ਸਾਸ਼ਤ ਪ੍ਰਦੇਸ਼, ਚੰਡੀਗੜ੍ਹ।
2. ਡਾਇਰੈਕਟਰ, ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ, ਸੈਕਟਰ-32, ਚੰਡੀਗੜ੍ਹ।

3. ਡਾਇਰੈਕਟਰ, ਆਲ ਇੰਡੀਆ ਇੰਨਸਟੀਚਿਊਟ ਆਫ ਮੈਡੀਕਲ ਸਾਇੰਸਜ਼, ਸਫਦਰਜੰਗ, ਨਵੀਂ ਦਿੱਲੀ।
4. ਡਾਇਰੈਕਟਰ, ਪੀ.ਜੀ.ਆਈ., ਚੰਡੀਗੜ੍ਹ।
5. ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ, ਚੰਡੀਗੜ੍ਹ।
6. ਮਹਾਂਲੇਖਾਕਾਰ (ਆਡਿਟ) ਪੰਜਾਬ, ਚੰਡੀਗੜ੍ਹ।
7. ਅਕਾਊਂਟੈਂਟ ਜਨਰਲ ( ਰੈਵੀਨਿਊ) ਪੰਜਾਬ, ਪੰਜਾਬ ਭਵਨ, ਨਵੀਂ ਦਿੱਲੀ।
8. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ।
9. ਡਾਇਰੈਕਟਰ, ਪੈਨਸ਼ਨ ਅਤੇ ਪੈਨਸ਼ਨਰਜ਼ ਭਲਾਈ, ਪੰਜਾਬ, ਚੰਡੀਗੜ੍ਹ।
10. ਰਾਜ ਦੇ ਸਮੂਹ ਖਜ਼ਾਨਾ ਅਫਸਰ ਅਤੇ
11. ਡਾਇਰੈਕਟਰ, ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ।

(ਐਮ.ਐਸ.ਮਾਨ)
ਉਪ ਸਕੱਤਰ ਸਿਹਤ